# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਪੀਕਰ ਸੰਧਵਾਂ ਨੇ ਟੀਚਰਜ ਡੇਅ ਨਾਲ ਸਬੰਧਤ ਇੰਸਪੀਰੀਆ 2026 ਪ੍ਰੋਗਰਾਮ ਵਿਚ ਬਤੌਰ ਮੁੱਖ ਮਹਿਮਾਨ ਕੀਤੀ ਸ਼ਿਰਕਤ

### ਅਧਿਆਪਕ ਦਾ ਦਰਜਾ ਸਾਡੇ ਜੀਵਨ ਵਿਚ ਇਕ ਪਰਮੇਸ਼ਵਰ ਦਾ ਦਰਜਾ ਹੈ, ਜੋ ਸਾਨੂੰ ਸਿੱਖਿਅਤ ਕਰਦਾ ਹੈ : ਸਪੀਕਰ ਸੰਧਵਾਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 6 ਸਤੰਬਰ : ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ਼੍ਰੀ ਰਾਧੇ ਕ੍ਰਿਸ਼ਨ ਧਾਮ ਨੇੜੇ ਮੌੜ ਫਾਰਮਜ ਵਿਖੇ ਟੀਚਰਜ ਡੇਅ ਨਾਲ ਸਬੰਧਤ ਇੰਸਪੀਰੀਆ 2026 ਪ੍ਰੋਗਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਮੌਕੇ ਉਨ੍ਹਾਂ ਸਮੂਹ ਟੀਚਰ ਸਹਿਬਾਨ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਪੀਕਰ ਸੰਧਵਾਂ ਨੇ ਟੀਚਰ ਡੇਅ



ਨਾਲ ਸਬੰਧਤ ਇੰਸਪੀਰੀਆ 2026 ਪ੍ਰੋਗਰਾਮ ਉਲੀਕਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਦਾ ਦਰਜਾ ਸਾਡੇ ਜੀਵਨ ਵਿਚ ਇਕ ਪਰਮੇਸ਼ਵਰ ਦਾ ਦਰਜਾ ਹੈ, ਜੋ ਸਾਨੂੰ ਸਿੱਖਿਅਤ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਅਧਿਆਪਕ ਨਾ ਸਿਰਫ਼ ਪਾਠਕ੍ਰਮ ਦਾ ਗਿਆਨ ਦਿੰਦੇ ਹਨ, ਸਗੋਂ ਵਿਦਿਆਰਥੀਆਂ ਦੇ ਸ਼ਖਸੀਅਤ ਵਿਕਾਸ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਨੀਂਹ ਵੀ ਰੱਖਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਸਿਰਫ਼ ਪਾਠਕ੍ਰਮ ਦਾ ਗਿਆਨ ਦੇਣ ਵਾਲਾ ਹੀ ਨਹੀਂ ਹੁੰਦਾ, ਸਗੋਂ ਇੱਕ ਮਾਰਗਦਰਸ਼ਕ ਵੀ ਹੁੰਦਾ ਹੈ ਜੋ ਵਿਦਿਆਰਥੀਆਂ ਦੀ ਸਹੀ ਦਿਸ਼ਾ ਵਿੱਚ ਅਗਵਾਈ ਕਰਦਾ ਹੈ। ਉਨ੍ਹਾਂ ਕਿਹਾ ਕਿ ਇੱਕ ਅਧਿਆਪਕ ਬੱਚੇ ਦੀ ਸ਼ਖ਼ਸੀਅਤ ਨੂੰ ਢਾਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਅਧਿਆਪਕ ਵਿਦਿਆਰਥੀ ਦੀ ਪ੍ਰਤਿਭਾ ਨੂੰ ਪਛਾਣਦੇ ਹਨ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਦੇ ਹਨ, ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਅਧਿਆਪਕ ਨਾ ਸਿਰਫ਼ ਗਿਆਨ ਦੇਣ ਵਾਲੇ ਹੋਣਗੇ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਦੇ ਦੂਰਦਰਸ਼ੀ, ਮਾਰਗਦਰਸ਼ਕ, ਪ੍ਰੇਰਕ ਅਤੇ ਰੱਖਿਅਕ ਵੀ ਹੋਣਗੇ। ਉਨ੍ਹਾਂ ਕਾਮਨਾ ਕੀਤੀ ਕਿ ਅਧਿਆਪਕਾਂ ਵਿੱਚ ਇਸ ਸੰਸਾਰ ਦੀ ਸਮੁੱਚੀ ਤਰੱਕੀ ਅਤੇ ਇੱਕ ਚੰਗੇ, ਸੁਰੱਖਿਅਤ ਤੇ ਖੁਸ਼ਹਾਲ ਭਵਿੱਖ ਨੂੰ ਯਕੀਨੀ ਬਣਾਉਣ ਦੀ ਭਾਵਨਾ ਹਮੇਸ਼ਾ ਬਣੀ ਰਹੇ। ਉਨ੍ਹਾਂ ਕਿਹਾ ਕਿ ਅਧਿਆਪਕ ਇਸ ਸੰਸਾਰ ਦੇ ਬੱਚਿਆਂ ਨੂੰ ਵਿੱਦਿਅਕ ਸਿੱਖਿਆ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਬਿਹਤਰ ਇਨਸਾਨ ਬਣਾਉਣ ਅਤੇ ਚੰਗੀਆਂ ਸਮਾਜਿਕ ਕਦਰਾਂ-ਕੀਮਤਾਂ ਨਾਲ ਜੀਵਨ ਬਤੀਤ ਕਰਨ ਦੇ ਢੰਗ-ਤਰੀਕਿਆਂ ਤੋਂ ਜਾਣੂ ਕਰਵਾਉਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਹਨ। ਇਸ ਪੱਖੋਂ ਅਧਿਆਪਕਾਂ ਦੀ ਭੂਮਿਕਾ ਮਾਪਿਆਂ ਤੋਂ ਬਾਅਦ ਹੀ ਨਹੀਂ, ਸਗੋਂ ਕਈ ਪੱਖਾਂ ਤੋਂ ਬਹੁਤ ਅਹਿਮ ਅਤੇ ਪ੍ਰਭਾਵਸ਼ਾਲੀ ਹੈ।

## ਰੋਲ ਅਬਜ਼ਰਵਰ ਤੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਪੋਲਿੰਗ ਸਟੇਸ਼ਨਾਂ 'ਤੇ ਲੱਗੇ ਐਸ ਆਈ ਆਰ ਦੇ ਵਿਸ਼ੇਸ਼ ਕੈਂਪਾਂ ਦਾ ਲਿਆ ਜਾਇਜ਼ਾ

### ਬੀ.ਐਲ.ਓਜ਼. ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਰਦਰਸ਼ੀ ਢੰਗ ਨਾਲ ਪਾਲਣਾ ਕਰਨ ਦੇ ਦਿੱਤੇ ਨਿਰਦੇਸ਼: ਵਿਨੈ ਬੁਬਲਾਨੀ

### ਪਟਿਆਲਾ ਜ਼ਿਲ੍ਹੇ ਦੇ ਸਮੂਹ 1861 ਪੋਲਿੰਗ ਬੂਥਾਂ 'ਤੇ ਸਫਲਤਾਪੂਰਵਕ ਲੱਗੇ ਵਿਸ਼ੇਸ਼ ਕੈਂਪ

### ਵੱਡੀ ਗਿਣਤੀ ਵੋਟਰਾਂ ਨੇ ਬੂਥ ਲੈਵਲ ਅਫ਼ਸਰਾਂ ਕੋਲ ਜਮ੍ਹਾਂ ਕਰਵਾਏ ਦਾਅਵੇ/ਇਤਰਾਜ਼ ਤੇ ਨਵੀਆਂ ਵੋਟਾਂ ਦੇ ਫਾਰਮ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 6 ਸਤੰਬਰ:ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) 2026 ਅਧੀਨ ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਪਟਿਆਲਾ ਜ਼ਿਲ੍ਹੇ ਦੇ ਸਮੂਹ 1861 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ। ਇਸ ਦੌਰਾਨ ਭਾਰਤ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਟੈਂਸਿਵ ਰੀਵਿਜ਼ਨ ਦੇ ਦੂਜੇ ਪੜ੍ਹਾਅ (ਨੋਟਿਸ ਫੇਜ਼/ਦਾਅਵੇ ਅਤੇ ਇਤਰਾਜ਼ਾਂ ਦੇ ਨਿਪਟਾਰੇ) ਦੇ ਕੰਮ ਨੂੰ ਮੁੱਖ ਰੱਖਦਿਆਂ ਪਟਿਆਲਾ ਜ਼ਿਲ੍ਹੇ ਲਈ ਤਾਇਨਾਤ ਕੀਤੇ ਗਏ ਰੋਲ ਅਬਜ਼ਰਵਰ-ਕਮ-ਕਮਿਸ਼ਨਰ ਪਟਿਆਲਾ ਡਵੀਜ਼ਨ ਸ੍ਰੀ ਵਿਨੈ ਬੁਬਲਾਨੀ ਨੇ ਇਨ੍ਹਾਂ ਕੈਂਪਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ।

ਡਵੀਜ਼ਨਲ ਕਮਿਸ਼ਨਰ ਨੇ ਪਟਿਆਲਾ ਸ਼ਹਿਰੀ ਹਲਕੇ ਦੇ ਆਮਦਨ ਕਰ ਵਿਭਾਗ ਦੇ ਮੁੱਖ ਦਫ਼ਤਰ, ਪਟਿਆਲਾ ਦਿਹਾਤੀ ਦੇ ਥਾਪਰ ਪੋਲੀਟੈਕਨਿਕ ਕਾਲਜ, ਸਮਾਣਾ ਹਲਕੇ ਦੇ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ (ਕਲਿਆਣ) ਅਤੇ ਨਾਭਾ ਹਲਕੇ ਦੇ ਸਰਕਾਰੀ ਰਿਪੁਦਮਨ ਕਾਲਜ ਵਿਖੇ ਬਣੇ ਪੋਲਿੰਗ ਸਟੇਸ਼ਨਾਂ 'ਚ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕੀਤਾ। ਉਨ੍ਹਾਂ ਚੱਲ ਰਹੇ ਕੈਂਪਾਂ ਦੇ ਕੰਮਕਾਜ 'ਤੇ ਪੂਰਨ ਤਸੱਲੀ ਦਾ ਪ੍ਰਗਟਾਵਾ ਕੀਤਾ।



ਸ੍ਰੀ ਵਿਨੈ ਬੁਬਲਾਨੀ ਨੇ ਵੋਟਰਾਂ ਨਾਲ ਗੱਲਬਾਤ ਕੀਤੀ ਅਤੇ ਬੀ.ਐਲ.ਓਜ਼. ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਂਦਿਆਂ ਨਿਰਦੇਸ਼ ਦਿੱਤੇ ਕਿ ਸਪੈਸ਼ਲ ਇੰਟੈਂਸਿਵ ਰੀਵਿਜ਼ਨ ਦੇ ਦੂਜੇ ਪੜ੍ਹਾਅ ਦੇ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਵੋਟਰਾਂ ਦੀ ਸੁਵਿਧਾ ਲਈ ਸਾਰੇ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼.) ਕੈਂਪਾਂ ਵਿੱਚ ਮੌਜੂਦ ਰਹੇ। ਵੱਡੀ ਗਿਣਤੀ ਨਾਗਰਿਕਾਂ ਨੇ ਲੋੜੀਂਦੇ ਫਾਰਮ ਭਰ ਕੇ ਮੌਕੇ 'ਤੇ ਹੀ ਆਪਣੇ ਬੀ.ਐਲ.ਓ. ਕੋਲ ਜਮ੍ਹਾਂ ਕਰਵਾਏ। ਇਨ੍ਹਾਂ ਵਿੱਚ ਨਵੀਂ ਵੋਟ ਲਈ ਫਾਰਮ ਨੰਬਰ 6, ਐਨ.ਆਰ.ਆਈ. ਵੋਟਰ ਵਜੋਂ ਦਰਜ ਹੋਣ ਲਈ ਫਾਰਮ ਨੰਬਰ 6ਏ ਅਤੇ ਪਤਾ ਬਦਲਣ, ਸ਼ਿਫਟਿੰਗ ਜਾਂ ਵੇਰਵਿਆਂ ਵਿੱਚ ਸੁਧਾਰ ਲਈ ਫਾਰਮ ਨੰਬਰ 8 ਸ਼ਾਮਲ ਹਨ।

ਡਾ. ਅਗਰਵਾਲ ਨੇ ਅੱਗੇ ਦੱਸਿਆ ਕਿ ਵੋਟਰ ਕਾਰਡ, ਵੋਟਰ ਸੇਵਾਵਾਂ ਅਤੇ ਐਸ.ਆਈ.ਆਰ. ਪ੍ਰਕਿਰਿਆ ਨਾਲ ਸਬੰਧਤ ਕਿਸੇ ਵੀ ਜਾਣਕਾਰੀ ਜਾਂ ਸਹਾਇਤਾ ਲਈ ਜ਼ਿਲ੍ਹਾ ਅਤੇ ਵਿਧਾਨ ਸਭਾ ਚੋਣ ਹਲਕਾ ਪੱਧਰ 'ਤੇ ਬਣੇ ਹੈਲਪਡੈਸਕ ਤੋਂ ਇਲਾਵਾ ਟੋਲ-ਫ੍ਰੀ ਵੋਟਰ ਹੈਲਪਲਾਈਨ ਨੰਬਰ 1950 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਦੌਰੇ ਦੌਰਾਨ ਓ.ਐਸ.ਡੀ. ਸ਼ਹਿਰੀ ਵਿਕਾਸ ਮੁਕਲਿਨ ਆਰ., ਏ.ਡੀ.ਸੀ. ਸ਼ਹਿਰੀ ਵਿਕਾਸ-ਕਮ-ਈ.ਆਰ.ਓ. ਨਵਰੀਤ ਕੌਰ ਸੇਖੋਂ, ਐਸ.ਡੀ.ਐਮਜ਼./ਈ.ਆਰ.ਓਜ਼. ਏ.ਪੀ.ਐਸ. ਸੋਮਲ, ਗੁਰਦੇਵ ਸਿੰਘ, ਰਿਚਾ ਗੋਇਲ ਅਤੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

## *NSQF ਵੋਕੇਸ਼ਨਲ ਟੀਚਰ ਫਰੰਟ ਪੰਜਾਬ ਵੱਲੋਂ 5 ਸਤੰਬਰ ਨੂੰ ਸੰਗਰੂਰ ਵਿਖੇ ਰੋਸ਼ ਰੈਲੀ ਦਾ ਐਲਾਨ ।

### ਅਧਿਆਪਕ ਦਿਵਸ ਮੌਕੇ ਮੁੱਖ ਮੰਤਰੀ ਦੀ ਕੋਠੀ ਦਾ ਕੀਤਾ ਜਾਵੇਗਾ ਘਿਰਾਓ — NSQF ਵੋਕੇਸ਼ਨਲ ਟੀਚਰ ਫ਼ਰੰਟ

### NSQF ਵੋਕੇਸ਼ਨਲ ਅਧਿਆਪਕਾਂ ਲਈ ਹਰਾ ਪੈਨ ਕਦੋ ਚਲਾਣਾ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ

ਫਰੀਦਕੋਟ 6 ਸਤੰਬਰ : NSQF ਵੋਕੇਸ਼ਨਲ ਟੀਚਰ ਫਰੰਟ ਪੰਜਾਬ ਦੀ ਅੱਜ ਸੂਬਾ ਕਮੇਟੀ ਮੈਂਬਰਾਂ ਅਤੇ ਸਮੂਹ ਜ਼ਿਲ੍ਹਾ ਪ੍ਰਧਾਨਾਂ ਦੀ ਇੱਕ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਪੰਜਾਬ ਭਰ ਦੇ NSQF ਵੋਕੇਸ਼ਨਲ ਅਧਿਆਪਕਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਅਤੇ ਜਾਇਜ਼ ਮੰਗਾਂ ਸਬੰਧੀ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਫਰੰਟ ਵੱਲੋਂ 5 ਸਤੰਬਰ, ਅਧਿਆਪਕ ਦਿਵਸ ਵਾਲੇ ਦਿਨ, ਸੰਗਰੂਰ ਵਿਖੇ ਰੋਸ਼ ਰੈਲੀ ਕਰਨ ਦਾ ਐਲਾਨ ਕੀਤਾ ਗਿਆ।



ਫਰੰਟ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਸੱਤਾ ਵਿੱਚ ਆਏ ਕਾਫ਼ੀ ਸਮਾਂ ਬੀਤ ਚੁੱਕਾ ਹੈ ਅਤੇ NSQF ਵੋਕੇਸ਼ਨਲ ਅਧਿਆਪਕਾਂ ਵੱਲੋਂ ਲਗਾਤਾਰ ਆਪਣੀਆਂ ਮੰਗਾਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾ ਰਹੀਆਂ ਹਨ। ਸਰਕਾਰ ਦੇ ਮੰਤਰੀਆਂ, ਅਧਿਕਾਰੀਆਂ ਅਤੇ ਵੱਖ-ਵੱਖ ਪੱਧਰਾਂ 'ਤੇ ਹੋਈਆਂ ਮੀਟਿੰਗਾਂ ਦੇ ਬਾਵਜੂਦ ਅਜੇ ਤੱਕ NSQF ਵੋਕੇਸ਼ਨਲ ਅਧਿਆਪਕਾਂ ਦੇ ਮੁੱਖ ਮਸਲਿਆਂ ਦਾ ਕੋਈ ਠੋਸ ਅਤੇ ਸਥਾਈ ਹੱਲ ਨਹੀਂ ਕੀਤਾ ਗਿਆ।

ਫਰੰਟ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਭਰੋਸੇ ਦਿੱਤੇ ਜਾਣ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਕੋਈ ਠੋਸ ਕਾਰਵਾਈ ਨਾ ਹੋਣ ਕਾਰਨ NSQF ਵੋਕੇਸ਼ਨਲ ਅਧਿਆਪਕਾਂ ਵਿੱਚ ਭਾਰੀ ਰੋਸ ਪੈਦਾ ਹੋ ਰਿਹਾ ਹੈ। ਇਸ ਲਈ ਹੁਣ ਫਰੰਟ ਵੱਲੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਤੇ ਸਟੇਟ ਮੇਂਬਰ ਰਣਜੀਤ ਸਿੰਘ ਬਰਨਾਲਾ, ਭੁਪਿੰਦਰ ਸਿੰਘ ਰੋਪੜ, ਰਣਜੀਤ ਸਿੰਘ ਨਵਾਂਸ਼ਹਿਰ, ਗੁਰਜੀਤ ਬਠਿੰਡਾ, ਸੁਖਰਾਜ ਤਰਨਤਾਰਨ, ਮਨਪ੍ਰੀਤ ਮੁਕਤਸਰ ਸਾਹਿਬ ਅਤੇ ਮਹਿਤਾਬ ਫਿਰੋਜ਼ਪੁਰ ਅਤੇ ਹੋਰ ਸਾਥੀ ਮਜੂਦ ਸਨ।

## ਡਾ. ਇੰਦਰਜੀਤ ਸਿੰਘ ਗੋਗੋਆਣੀ ਨੂੰ 'ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਪੁਰਸਕਾਰ' ਨਾਲ ਕੀਤਾ ਗਿਆ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ: 6 ਸਤੰਬਰ : ਉਨ੍ਹਾਂ ਨੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਵਿਖੇ ਬਤੌਰ ਹਿਸਟਰੀ ਅਧਿਆਪਕ ਅਤੇ ਬਾਅਦ ਵਿੱਚ ਪ੍ਰਿੰਸੀਪਲ ਵਜੋਂ ਅਣਥੱਕ ਸੇਵਾਵਾਂ ਦਿੱਤੀਆਂ। ਅੱਜ ਕੱਲ ਉਹ ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਡੀਨ ਅਤੇ ਮੁਖੀ ਧਰਮ ਅਧਿਐਨ ਵਿਭਾਗ ਵੱਲੋਂ ਸੇਵਾਵਾਂ



ਨਿਭਾ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਤਿੰਨ ਦਰਜਨ ਤੋਂ ਵੱਧ ਕਰੀਬ ਪੁਸਤਕਾਂ, ਡਾਕੂਮੈਂਟਰੀ ਫਿਲਮਾਂ ਅਤੇ 3D ਐਨੀਮੇਸ਼ਨ ਫਿਲਮਾਂ ਲਿਖ ਕੇ ਸਾਹਿਤ ਜਗਤ ਵਿੱਚ ਵਿਸ਼ੇਸ਼ ਪਛਾਣ ਬਣਾਈ ਹੈ।

ਬਾਲ ਵਿਕਾਸ ਕਲਾ ਕੇਂਦਰ ਦੇ ਪ੍ਰਧਾਨ ਮਰਕਸ ਪਾਲ ਗੁਮਟਾਲਾ ਅਤੇ ਜਨਰਲ ਸਕੱਤਰ ਡਾ. ਆਤਮਾ ਸਿੰਘ ਗਿੱਲ ਨੇ ਕਿਹਾ ਕਿ ਡਾ. ਇੰਦਰਜੀਤ ਸਿੰਘ ਗੋਗੋਆਣੀ ਵਰਗੀ ਨਿਮਰ ਅਤੇ ਗਿਆਨਵਾਨ ਸ਼ਖਸੀਅਤ ਨੂੰ ਸਨਮਾਨਿਤ ਕਰਕੇ ਸੰਸਥਾ ਆਪਣੇ ਆਪ ਨੂੰ ਮਾਣਮੱਤਾ ਮਹਿਸੂਸ ਕਰ ਰਹੀ ਹੈ ਅਤੇ ਅਰਦਾਸ ਕਰਦੀ ਹੈ ਕਿ ਉਹ ਲੰਮੀ ਉਮਰ ਭੋਗਦਿਆਂ ਸਮਾਜ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦੇ ਰਹਿਣ।

ਇਸ ਮੌਕੇ ਇਮੈਨੂਅਲ ਸਿੰਘ, ਬੱਬਲਜੀਤ ਸਿੰਘ, ਮਨਪ੍ਰੀਤ ਸਿੰਘ ਕਪੂਰ, ਆਲਮ ਸਿੰਘ, ਪਰਾਬੀਰ ਸਿੰਘ ਅਤੇ ਬਾਲ ਵਿਕਾਸ ਕਲਾ ਕੇਂਦਰ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

## ਗੁਜਰਾਂਵਾਲਾ ਗੁਰੂ ਨਾਨਕ ਪਬਲਿਕ ਸਕੂਲ, ਲੁਧਿਆਣਾ ਵਿੱਚ ਅਧਿਆਪਕ ਦਿਵਸ ਮਨਾਇਆ

### ਪ੍ਰਧਾਨਗੀ ਉੱਘੇ ਲੇਖਕ ਤੇ ਅਧਿਆਪਕ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕੀਤੀ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 6 ਸਤੰਬਰ : ਗੁਜਰਾਂਵਾਲਾ ਗੁਰੂ ਨਾਨਕ ਪਬਲਿਕ ਸਕੂਲ, ਰੋਜ਼ ਗਾਰਡਨ, ਲੁਧਿਆਣਾ ਵਿਖੇ ਅਧਿਆਪਕ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਰਲ਼ ਕੇ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਤੇ 38 ਸਾਲ ਪੰਜਾਬ ਦੇ ਪ੍ਰਮੁੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਪੜ੍ਹਾ ਚੁੱਕੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਦੇ ਪੁਰਾਣੇ ਵਿਦਿਆਰਥੀ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਮੇਰੇ ਮੁਰਸ਼ਦ ਡਾ. ਐੱਸ ਪੀ ਸਿੰਘ ਮੇਰੇ ਰਸਮੀ ਅਧਿਆਪਕ ਕਦੇ ਵੀ ਨਹੀਂ ਰਹੇ ਪਰ ਜਿਹੜੇ ਸਬਕ ਮੈਂ ਉਨ੍ਹਾਂ ਤੋਂ ਪੜ੍ਹੇ ਹਨ ਉਹ ਹੁਣ ਤੀਕ ਕੰਮ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਸਿਰਫ਼ ਵਿਦਿਆਰਥੀ ਨੂੰ ਪੜ੍ਹਾਉਂਦਾ ਹੀ ਨਹੀਂ ਸਗੋਂ ਪੜ੍ਹਨਾ ਸਿਖਾਉਂਦਾ ਹੈ ਅਤੇ ਆਪਣੇ ਵਿਦਿਆਰਥੀ ਤੋਂ ਵੀ ਬਹੁਤ ਕੁਝ ਸਿੱਖਦਾ ਹੈ।

ਉਨ੍ਹਾਂ ਕਿਹਾ ਕਿ ਗੁਜਰਾਂਵਾਲਾ ਸੰਸਥਾਵਾਂ ਦੀ ਪ੍ਰਬੰਧਕ ਕਮੇਟੀ ਨੇ ਮੈਨੂੰ ਗਵਰਨਿੰਗ ਕੌਂਸਲ ਦਾ ਮੈਂਬਰ ਬਣਾ ਕੇ ਮੇਰੀ ਜ਼ੁੰਮੇਵਾਰੀ ਹੋਰ ਵਧਾਈ ਹੈ। ਮੈਂ ਇਸ ਦੇ ਕਾਬਲ ਬਣਨ ਦਾ ਯਤਨ ਕਰਾਂਗਾ।

ਸਕੂਲ ਪ੍ਰਿੰਸੀਪਲ ਸਰਦਾਰਨੀ ਗੁਣਮੀਤ ਕੋਰ ਨੇ ਕਿਹਾ ਕਿ ਇਹ ਦਿਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਹਾਨ ਅਧਿਆਪਕ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦੇ ਜਨਮ ਦਿਨ ਤੇ ਮਨਾਇਆ ਜਾਂਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਗਿਆਨ ਮਾਰਗ ਦੇ ਪਾਂਧੀ ਬਣਨ ਲਈ ਪ੍ਰੇਰਿਆ।

ਉਨ੍ਹਾਂ ਡਾ: ਐਸ. ਪੀ. ਸਿੰਘ, ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਅਤੇ ਸਾਬਕਾ ਉਪ-ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਮਾਣਯੋਗ ਜਨਰਲ ਸਕੱਤਰ ਸ: ਹਰਸ਼ਰਨ ਸਿੰਘ ਨਰੂਲਾ, ਅਤੇ ਇਸ ਵਿਸ਼ੇਸ਼ ਮੌਕੇ ਦੇ ਮੁੱਖ ਮਹਿਮਾਨ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਅਤੇ ਕੌਂਸਲ ਦੇ ਮਾਣਯੋਗ ਮੈਂਬਰ ਸ: ਹਰਦੀਪ ਸਿੰਘ ਅਤੇ ਪ੍ਰਧਾਨ ਆਰੀਆ ਕਾਲਜ ਪ੍ਰਬੰਧਕ ਕਮੇਟੀ ਐਸ. ਐਲ. ਸ਼ਰਮਾ ਜੀ ਦਾ ਵੀ ਸਵਾਗਤ ਕੀਤਾ।

ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਵਿੱਚ ਹੋਰ ਕਿਹਾ ਕਿ ਅਧਿਆਪਕ ਹੀ ਸੱਚੇ ਰਾਸ਼ਟਰ ਨਿਰਮਾਤਾ ਹੁੰਦੇ ਹਨ। ਅਧਿਆਪਕ ਹੀ ਉਹ ਦੀਵਾ ਹੈ ਜੋ ਵਿਦਿਆਰਥੀਆਂ ਦੇ ਜੀਵਨ ਵਿੱਚੋਂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਂਦਾ ਹੈ। ਵਿਦਿਆਰਥੀਆਂ ਨੇ ਆਪਣੇ ਪਿਆਰੇ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਧੰਨਵਾਦ ਪ੍ਰਗਟ ਕਰਨ ਲਈ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਵਿਦਿਆਰਥੀਆਂ ਨੇ ਆਪਣੇ ਹੱਥੀਂ ਬਣਾਏ ਸੁੰਦਰ ਕਾਰਡ ਅਤੇ ਤੋਹਫੇ ਦੇ ਕੇ ਆਪਣੇ ਅਧਿਆਪਕਾਂ ਦਾ ਸਨਮਾਨ ਕੀਤਾ।

ਇਸ ਮੌਕੇ ਤੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ, ਲੁਧਿਆਣਾ ਦੇ ਪ੍ਰਬੰਧਕਾਂ ਤੇ ਪ੍ਰਿੰਸੀਪਲ ਸਾਹਿਬਾ ਨੇ ਮੁੱਖ ਮਹਿਮਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੇ ਵੀ ਸਾਰੇ ਅਧਿਆਪਕਾਂ ਦੀ ਸਖ਼ਤ ਮਿਹਨਤ, ਲਗਨ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਸਾਰੇ ਅਧਿਆਪਕਾਂ ਨੂੰ ਪਿਆਰ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਅੰਤ ਵਿੱਚ ਪ੍ਰਿੰਸੀਪਲ ਸ੍ਰੀਮਤੀ ਗੁਣਮੀਤ ਕੌਰ ਜੀ ਨੇ ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਾਰੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ

# ਅਧਿਆਪਕ ਕੌਮ ਦਾ ਨਿਰਮਾਤਾ ਅਤੇ ਸਿਰਜਣਹਾਰ







ਜਿੱਥੇ ਅਧਿਆਪਕ ਨੂੰ ਕੌਮ ਦਾ ਨਿਰਮਾਤਾ ਤੇ ਸਿਰਜਣਹਾਰ ਮੰਨਿਆ ਜਾਂਦਾ ਹੈ ਉੱਥੇ ਵਿਦਿਆਰਥੀ ਸਾਡੀ ਕੌਮ ਦਾ ਸਰਮਾਇਆ ਹਨ ।ਸਾਡਾ ਆਉਣ ਵਾਲਾ ਕੱਲ ਤੇ ਸਾਡੀ ਕੌਮ ਤੇ ਦੇਸ਼ ਦਾ ਭਵਿਖ ਹਨ । ਬੱਚੇ ਦਾ ਮਨ ਇਕ ਕੋਰੇ ਕਾਗ਼ਜ਼ ਵਾਂਗ ਹੁੰਦਾ ਹੈ । ਉਸ ਤੇ ਜੋ ਉੱਕਰ ਦਿਆਂਗੇ ਉਹ ਉਸਦੇ ਮਨ ਤੇ ਲਿੱਖਿਆ ।ਅਧਿਆਪਕ ਆਪਣੇ ਗਿਆਨ ਦੀ ਜੋਤ ਰਾਹੀਂ ਵਿੱਦਿਆਰਥੀਆਂ ਦੇ ਮਨਾਂ ਦਾ ਹਨੇਰਾ ਦੂਰ ਕਰਦੇ ਨੇ ਤੇ ਉਹਨਾਂ ਵਿੱਚ ਨੈਤਿਕ ਗੁਣਾਂ ਨੂੰ ਵੀ ਭਰਦੇ ਨੇ ।ਅਧਿਆਪਕ ਦੀ ਸਿਰਤੋੜ ਕੋਸ਼ਿਸ਼ ਹੁੰਦੀ ਹੈ ਕਿ ਉਸਦਾ ਸ਼ਾਗਿਰਦ ਵੱਡਾ ਹੋ ਕੇ ਕਿਸੇ ਉੱਚ ਪਦਵੀ ਉੱਤੇ ਪਹੁੰਚੇ ।

ਮਾਂ-ਬਾਪ ਬੱਚੇ ਨੂੰ ਜਨਮ ਜ਼ਰੂਰ ਦਿੰਦੇ ਨੇ ਪਰ ਜ਼ਿੰਦਗੀ ਅਧਿਆਪਕ ਦਿੰਦੇ ਨੇ ।ਬੱਚੇ ਦਾ ਪਹਿਲਾ ਗੁਰੂ ਮਾਂ ਬਾਪ ਤੇ ਦੂਸਰਾ ਗੁਰੂ ਅਧਿਆਪਕ ਹੁੰਦੇ ਨੇ ।ਬੱਚੇ ਦੀ ਵਾਗ-ਡੋਰ ਇਹਨਾਂ ਦੋਨਾਂ ਦੇ ਹੱਥ ਵਿੱਚ ਹੁੰਦੀ ਹੈ ।ਮਾਂ ਤੋਂ ਉੱਤਮ ਦਰਜਾ ਇਕ ਅਧਿਆਪਕ ਦਾ ਹੁੰਦਾ ਹੈ ।ਅਧਿਆਪਕ ਕੋਲ ਬੱਚਾ ਜ਼ਿਆਦਾ ਸਮਾਂ ਬਿਤਾਂਉਂਦਾ ਹੈ ।ਇਸੇ ਲਈ ਕਿਸੇ ਵਿਦਵਾਨ ਨੇ ਕਿਹਾ ਹੈ ਕਿ ਮਾਂ-ਬਾਪ ਜਨਮ ਦਿੰਦੇ ਨੇ ਤੇ ਅਧਿਆਪਕ ਬੱਚਿਆਂ ਦਾ ਜੀਵਨ ਚੰਗਾ ਤੇ ਯਕੀਨੀ ਬਣਾਂਉਂਦੇ ਨੇ ।
ਅਰਸਤੂ ਦੇ ਅਨੁਸਾਰ :-

ਅਧਿਆਪਕ ਬੱਚਿਆਂ ਨੂੰ ਸਿੱਖਿਆ ਦਿੰਦਾ ਹੈ ਇਸ ਲਈ ਜਨਮ ਦੇਣ ਵਾਲੇ ਮਾਂਪਿਉ ਤੋਂ ਜ਼ਿਆਦਾ ਸਤਿਕਾਰ ਦਾ ਦਰਜਾ ਰੱਖਦੇ ਨੇ ।

ਅਧਿਆਪਕ ਵੀ ਆਪਣੇ ਵਿਦਿਆਰਥੀ ਨਾਲ ਰਿਸ਼ਤਾ ਮਾਂ-ਬਾਪ ਤੇ ਦੋਸਤੀ ਵਾਲਾ ਨਿਭਾਉਂਦਾ ਹੈ ਤੇ ਨਿਭਾਉਣਾ ਵੀ ਚਾਹੀਦਾ ਹੈ ।ਅਧਿਆਪਕ ਦੀ ਦਿੱਤੀ ਸਿੱਖਿਆ ਗ੍ਰਹਿਣ ਕਰਕੇ ਹੀ ਵਿਦਿਆਰਥੀ ਵੱਡੇ ਹੋ ਕੇ ਪ੍ਰੋਫ਼ੈਸਰ , ਡਾਕਟਰ , ਇੰਜੀਨੀਅਰ , ਸਾਇੰਸਦਾਨ , ਵਿਗਿਆਨੀ ਤੇ ਲੇਖਕ ਬਣਦੇ ਨੇ ।ਸਿੱਖਿਆ ਪ੍ਰਾਪਤ ਕਰਨ ਨਾਲ ਮੁਸ਼ਕਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਆਉਂਦੀ ਹੈ ।ਸਾਨੂੰ ਆਪਣੇ ਅਧਿਕਾਰਾਂ ਦਾ ਵੀ ਸਹੀ ਗਿਆਨ ਹੁੰਦਾ ਹੈ ।

ਕਿਤਾਬਾਂ ਦੀ ਮੱਹਤਤਾ ਬਾਰੇ ਮੈਕਸਿਮ ਗੋਰਕੀ ਦਾ ਵਿਚਾਰ ਹੈ ਕਿ ਪੁਸਤਕਾਂ ਮਨੁੱਖ ਦੁਆਰਾ ਸਿਰਜੇ ਸਾਰੇ ਚਮਤਕਾਰਾਂ ਵਿੱਚੋਂ ਸੱਭ ਤੋਂ ਵੱਡਾ ਚਮਤਕਾਰ ਹੈ ।

ਬਾਸ਼ਰਤੇ ਕਿ ਇਕ ਅਧਿਆਪਕ ਵਿੱਚ ਵੀ ਇਕ ਚੰਗੇ ਅਧਿਆਪਕ ਵਾਲੇ ਉਹ ਸਾਰੇ ਗੁਣ ਹੋਣੇ ਚਾਹੀਦੇ ਨੇ ਜਿਸ ਨਾਲ ਬੱਚੇ ਦੀ ਨੁਹਾਰ ਬਦਲ ਜਾਵੇ ।ਉਸਨੂੰ ਹਰ ਵਿਸ਼ੇ ਦਾ ਗਿਆਨ ਹੋਣਾ ਚਾਹੀਦਾ ਹੈ ।ਅਧਿਆਪਕ ਦਾ ਪੜ੍ਹਾਉਣ , ਸਮਝਾਉਣ ਤੇ ਬੋਲਣ ਦਾ ਤਰੀਕਾ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚੇ ਨੂੰ ਤੁਰੰਤ ਸਮਝ ਵਿੱਚ ਆ ਜਾਵੇ ।ਅਧਿਆਪਕ ਵਿੱਚ ਨਿਮਰਤਾ , ਮਿਠਾਸ , ਹਲੀਮੀ ਤੇ ਸਹਿਣਸ਼ਕਤੀ ਵੀ ਹੋਣੀ ਚਾਹੀਦੀ ਹੈ ।ਬੱਚੇ ਨੂੰ ਮਾਰ ਕੁੱਟ ਤੇ ਗ਼ੁੱਸੇ ਦੀ ਜਗਹ ਨਿਮਰਤਾ ਤੇ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ।ਇਹ ਮੇਰਾ ਵਿਚਾਰ ਹੈ ।ਬੱਚੇ ਨੂੰ ਮਾਰ ਕੁੱਟ ਤੇ ਗ਼ੁੱਸੇ ਨਾਲ ਕਹਾਂਗੇ ਤੇ ਉਹ ਢੀਠ ਤੇ ਜ਼ਿੱਦੀ ਬਣ ਜਾਏਗਾ । ਅਧਿਆਪਕ ਦਾ ਡਰ ਵੀ ਨਹੀਂ ਰਹੇਗਾ ਤੇ ਉਸਦੀ ਇਜ਼ਤ ਵੀ ਨਹੀਂ ਕਰੇਗਾ ।ਬੱਚੇ ਨੂੰ ਬਾਰ ਬਾਰ ਨਲਾਇਕ ਵੀ ਨਹੀਂ ਕਹਿਣਾ ਚਾਹੀਦਾ ਕਿਉਂਕਿ ਇਸ ਨਾਲ ਉਸ ਵਿੱਚ ਹੀਨ ਭਾਵਨਾ ਪੈਦਾ ਹੁੰਦੀ ਹੈ । ਇਸ ਤਰਾਂ ਕਈ ਵਾਰ ਬੱਚੇ ਆਤਮ ਹੱਤਿਆ ਤੱਕ ਕਰ ਲੈਂਦੇ ਹਨ ।

ਮਿਡਲ ਸਕੂਲ ਵਿੱਚ ਸਾਡਾ ਇਕ ਅਧਿਆਪਕ ਹੁੰਦਾ ਸੀ ਜੱਦ ਉਸਨੇ ਜਮਾਤ ਵਿੱਚ ਆਉਣਾ ਤੇ ਬੱਚੇ ਗੱਲਾਂ ਤੇ ਸ਼ੋਰ ਕਰ ਰਹੇ ਹੁੰਦੇ ਸੀ ।ਅਧਿਆਪਕ ਨੇ ਕੁਰਸੀ ਪਿੱਛੇ ਚੁੱਪ ਕਰਕੇ ਖੜੇ ਹੋ ਜਾਣਾ ।ਜੱਦ ਵਿਦਿਆਰਥੀਆਂ ਨੇ ਦੇਖਣਾ ਕਿ ਟੀਚਰ ਤੇ ਕਲਾਸ ਵਿੱਚ ਹਨ ।ਸ਼ਰਮਿੰਦੇ ਹੋ ਜਾਣਾ ਤੇ ਕਲਾਸ ਸਟੈਂਡ ਕਰਨੀ ।ਅਧਿਆਪਕ ਨੇ ਮੁਸਕਰਾ ਕੇ ਕਹਿਣਾ ਬੱਸ ਹੋ ਗਈਆਂ ਗੱਲਾਂ ਖਤਮ ਨਹੀਂ ਤੇ ਹੋਰ ਕਰ ਲਉ ।ਬੱਚੇ ਉਸ ਟੀਚਰ ਤੋਂ ਸੱਭ ਤੋਂ ਵੱਧ ਡਰਦੇ ਸੀ ਤੇ ਸਤਿਕਾਰ ਵੀ ਕਰਦੇ ਸੀ ਉਸ ਅਧਿਆਪਕ ਦਾ ।

ਪਹਿਲਾਂ ਅਧਿਆਪਕ ਵੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸੀ ਤੇ ਉਹਨਾਂ ਨੂੰ ਵਿਸ਼ਵਾਸ ਵੀ ਹੁੰਦਾ ਸੀ ਕਿ ਇਹ ਬੱਚਾ ਜ਼ਰੂਰ ਵੱਡਾ ਹੋ ਕੇ ਕੋਈ ਉੱਚ – ਪਦਵੀ ਨੂੰ ਹਾਸਿਲ ਕਰੇਗਾ .

ਪਹਿਲਾਂ ਅਧਿਆਪਕ ਵਿਦਿਆਰਥੀ ਨਾਲ ਰਾਬਤਾ ਰੱਖਦੇ ਸੀ ।ਖ਼ੁੱਦ ਦਾ ਤਾਜ਼ੁਰਬਾ ਹੈ ਜੱਦ ਦਸਵੀਂ ਦੇ ਪੇਪਰਾਂ ਤੋਂ ਬਾਦ ਪਾਪਾ ਜੀ ਦੀ ਪੋਸਟਿੰਗ ਅੰਮ੍ਰਿਤਸਰ ਦੀ ਹੋ ਗਈ ਤੇ ਅਧਿਆਪਕਾਂ ਦੀਆਂ ਚਿੱਠੀਆਂ ਆਉਣੀਆਂ । ਗਾਈਡ ਕਰਦੇ ਰਹਿੰਦੇ ਸੀ ਕਿ ਹੁਣ ਦਸਵੀਂ ਦੇ ਬਾਦ ਕੀ ਕਰਨਾ ਚਾਹੀਦਾ ਹੈ ਤੇ ਇਹ ਰਾਬਤਾ ਮਿਡਲ ਸਕੂਲ ਤੋਂ ਲੈ ਕੇ ਸ਼ਾਦੀ ਦੇ ਕਈ ਸਾਲ ਬਾਦ ਤੱਕ ਬਣਿਆ ਰਿਹਾ ।ਪਹਿਲਾਂ ਅਧਿਆਪਕ ਤੇ ਵਿਦਿਆਰਥੀ ਵਿੱਚ ਇਕ ਰੂਹਾਨੀ ਰਿਸ਼ਤਾ ਹੁੰਦਾ ਸੀ ।

ਮੈਨੂੰ ਤੇ ਆਪ ਪਹਿਲੀ ਕਲਾਸ ਤੋਂ ਬੀਂਏ ਤੱਕ ਬਹੁਤ ਹੀ ਅੱਛੇ ਅਧਿਆਪਕ ਮਿਲੇ ਨੇ ਜਿਹਨਾਂ ਨੂੰ ਅਜੇ ਵੀ ਯਾਦ ਕਰਦੇ ਹਾਂ ਤੇ ਉਹਨਾਂ ਦੀਆਂ ਦਿੱਤੀਆਂ ਨੈਤਿਕ ਸਿੱਖਿਆ ਉੱਪਰ ਚੱਲਣ ਦਾ ਹਮੇਸ਼ਾਂ ਯਤਨ ਕਰੀਦਾ ਹੈ ।ਬਾਕੀ ਗਿਆਨ ਸਾਹਿਤਕ ਤੇ ਧਾਰਮਿਕ ਪੁਸਤਕਾਂ ਨੂੰ ਪੜ੍ਹ ਕੇ ਹੀ ਪ੍ਰਾਪਤ ਹੋਇਆ ਹੈ ।

ਅਧਿਆਪਕ ਆਪ ਸਰਬ ਕਲਾ ਸੰਪੂਰਨ ਹੋਣਾ ਚਾਹੀਦਾ ਹੈ ।ਅਧਿਆਪਕ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਪਾਠ ਪੁਸਤਕਾਂ ਦੇ ਇਲਾਵਾ ਵਧੀਆ ਸਾਹਿਤ ਵੀ ਪੜ੍ਹਣ ਨੂੰ ਦੇਣਾ ਚਾਹੀਦਾ ਹੈ ਤਾਂ ਜੋ ਉਹਨਾਂ ਦਾ ਮਾਨਸਿਕ ਤੇ ਬੋਧਿਕ ਵਿਕਾਸ ਹੋ ਸਕੇ ।ਕਿਤਾਬਾਂ ਪੜ੍ਹ ਕੇ ਹੀ ਅਸੀਂ ਦੁਨੀਆਂ ਭਰ ਦਾ ਵੱਡ ਮੁੱਲਾ ਗਿਆਨ ਹਾਸਿਲ ਕਰ ਸਕਦੇ ਹਾਂ ।

ਪਹਿਲਾਂ ਸੰਯੁਕਤ ਪਰਿਵਾਰ ਹੁੰਦੇ ਸੀ ਤੇ ਬੱਚੇ ਨੂੰ ਨੈਤਿਕ ਸਿੱਖਿਆ ਪਰਿਵਾਰ ਵਿੱਚੋਂ ਆਪਣੇ ਵੱਡੇ ਵੱਡੇਰਿਆਂ ਤੋਂ ਮਿੱਲ ਜਾਂਦੀ ਸੀ । ਪਰ ਹੁਣ ਭੱਜ-ਨੱਠ ਤੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਕਿਸੇ ਕੋਲ ਐਨਾ ਸਮਾਂ ਨਹੀਂ ਕਿ ਉਹ ਬੱਚੇ ਨੂੰ ਨੈਤਿਕ ਸਿੱਖਿਆ ਬਾਰੇ ਸਹੀ ਗਿਆਨ ਦੇਣ ।ਇਸ ਲਈ ਹੁਣ ਇਹ ਜ਼ਰੂਰੀ ਮਹਿਸੂਸ ਹੁੰਦਾ ਹੈ ਕਿ ਸਕੂਲਾਂ ਵਿੱਚ ਨੈਤਿਕਤਾ ਦਾ ਵਿਸ਼ਾ ਲਾਜ਼ਮੀ ਹੋਣਾ ਚਾਹੀਦਾ ਹੈ ਤਾਂਕਿ ਬੱਚੇ ਅਧਿਆਪਕ ਤੋਂ ਇਹ ਗਿਆਨ ਹਾਸਿਲ ਕਰ ਸਕਣ ।
ਅਧਿਆਪਕ ਨੂੰ ਚਾਹੀਦਾ ਹੈ ਕਿ ਕਿਤਾਬੀ ਵਿੱਦਿਆ ਦੇ ਨਾਲ ਨੈਤਿਕਤਾ ਦੀ ਵੀ ਸਿੱਖਿਆ ਦਿੱਤੀ ਜਾਵੇ ।ਨੈਤਿਕ ਸਿੱਖਿਆ ਤੋਂ ਬਿਨਾਂ ਹਰ ਤਰਾਂ ਦੀ ਪੜ੍ਹਾਈ ਅਧੂਰੀ ਹੈ ।ਅਧਿਆਪਕਾਂ ਨੂੰ ਚਾਹੀਦਾ ਹੈ ਕਿ ਜਿੱਥੋਂ ਤੱਕ ਹੋ ਸਕੇ ਰੋਜ਼ ਪ੍ਰਾਰਥਨਾ ਸਭਾ ਵਿੱਚ ਨੈਤਿਕ ਸਿੱਖਿਆ ਸੰਬੰਧੀ ਕੋਈ ਕਹਾਣੀ ਕਵਿਤਾ ਜਾਂ ਕੋਈ ਐਸੀ ਗੱਲ ਦੱਸੀ ਜਾਵੇ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਵਿੱਚ ਨੈਤਿਕ ਕੱਦਰਾਂ ਕੀਮਤਾਂ ਕੁੱਟ ਕੁੱਟ ਕੇ ਭਰੀਆਂ ਹੋਣ ।

ਮੇਰੇ ਵਿਚਾਰ ਵਿੱਚ ਹਰ ਸਕੂਲ ਵਿੱਚ ਨੈਤਿਕਤਾ ਦਾ ਵਿਸ਼ਾ ਪੜ੍ਹਾਈ ਵਿੱਚ ਲਾਜ਼ਮੀ ਹੋਣਾ ਚਾਹੀਦਾ ਹੈ ਤੇ ਉਸ ਵਿੱਚ ਸਾਡੇ ਗੁਰੂਆਂ , ਪੀਰਾਂ , ਫ਼ਕੀਰਾਂ , ਵਿਦਵਾਨਾਂ ਤੇ ਉੱਘੇ ਵਿਚਾਰਵਾਨਾਂ ਦੀਆਂ ਗੱਲਾਂ ਨੂੰ ਅਮਲ ਵਿੱਚ ਲਿਆਉਂਦਾ ਜਾ ਸਕੇ ।ਵੱਡਾ ,ਛੋਟਾ ,ਅਮੀਰ , ਗਰੀਬ ਆਪਣੇ ਗੁਣਾਂ ਨਾਲ ਹੁੰਦੇ ਨੇ ।ਜੇ ਕੋਈ ਵੱਡਾ ਜਾਂ ਅਮੀਰ ਵਿਅੱਕਤੀ ਹੈ ਪਰ ਉਸਦੇ ਪੱਲੇ ਕੋਈ ਗੁਣ ਨਹੀਂ ਤੇ ਜੇ ਕੋਈ ਗਰੀਬ ਤੇ ਛੋਟਾ ਹੈ ਤੇ ਉਸਦੇ ਪੱਲੇ ਚੰਗੇ ਗੁਣ ਹਨ ਉਸਦੀ ਪਹਿਚਾਨ ਉਸਦੇ ਗੁਣਾਂ ਨਾਲ ਹੋਏਗੀ ਵਿੱਅਕਤੀ ਆਪਣੇ ਗੁਣਾਂ ਨਾਲ ਹੀ ਪਹਿਚਾਣਿਆ ਜਾਂਦਾ ਹੈ ।

ਗੁਰਬਾਣੀ ਵਿੱਚ ਵੀ ਸ਼ਬਦ ਹੈ :-
( ਸਾਂਝ ਕਰੀਜੈ ਗੁਣਹ ਕੇਰੀ
ਛੋਡਿ ਅਵਗੁਣਿ ਚਲੀਐ )


ਅਧਿਆਪਕ ਹੀ ਹੈ ਜੋ ਬੱਚੇ ਨੂੰ ਸਮੇਂ ਦੀ ਕਦਰ ਕਰਨਾ ਵੀ ਦੱਸਦੇ ਨੇ ਤੇ ਬੱਚੇ ਨੂੰ ਵਿੱਦਿਅਕ ਸਿੱਖਿਆ ਦੇ ਨਾਲ ਹਰ ਤਰਾਂ ਦੀ ਨੈਤਿਕ ਸਿੱਖਿਆ ਦਾ ਗਿਆਨ ਦੇ ਕੇ ਇਕ ਹੋਣਹਾਰ ਵਿਦਿਆਰਥੀ ਬਣਾਉਂਦੇ ਨੇ ।ਅਧਿਆਪਕ ਹੀ ਹੈ ਜੋ ਕਿ ਵਿੱਦਿਆ ਦੇ ਮਾਧਿਅਮ ਰਾਹੀਂ ਵਿਦਿਆਰਥੀ ਵਿੱਚ ਅਜਿਹੀ ਰੂਹ ਫੂਕ ਸਕਦਾ ਹੈ ਜਿਸਨੂੰ ਸਾਡੀ ਆਉਣ ਵਾਲੀ ਪੀੜ੍ਹੀ ਸੱਦੀਆਂ ਤੱਕ ਯਾਦ ਕਰਦੀ ਰਹੇਗੀ ਤੇ ਇਕ ਮਿਸਾਲ ਬਣ ਕੇ ਸਾਹਮਣੇ ਆਏਗੀ ।ਇਸੇ ਲਈ ਕਹਿੰਦੇ ਨੇ ਕਿ ਜਿੱਥੇ ਧਨਵਾਨ ਆਦਮੀ ਨਹੀਂ ਪਹੁੰਚ ਸਕਦਾ ਉੱਥੇ ਇਕ ਵਿਦਵਾਨ ਪਹੁੰਚ ਜਾਂਦਾ ਹੈ ਤੇ ਇਹ ਵਿਦਵਾਨ ਹੋਰ ਕੋਈ ਨਹੀਂ ਸਾਡੇ ਅਧਿਆਪਕ ਦੁਆਰਾਂ ਦਿੱਤੀਆਂ ਗਈਆਂ ਨੈਤਿਕ ਕਦਰਾਂ ਕੀਮਤਾਂ ਹੀ ਹਨ ।

ਅਧਿਆਪਕ ਇਕ ਅੱਛਾ ਬੁਲਾਰਾ ਵੀ ਹੋਣਾ ਚਾਹੀਦਾ ਹੈ । ਬੱਚੇ ਨੂੰ ਇਸ ਤਰੀਕੇ ਨਾਲ ਸਮਝਾਏ ਕਿ ਤੁਰੰਤ ਸਮਝ ਵਿੱਚ ਆ ਜਾਏ । ਇਕ ਸਪੀਕਰ ਜੱਦ ਸਟੇਜ ਤੇ ਲੈਕਚਰ ਦੇਣ ਲਈ ਜਾਏ ਤੇ ਉਸਦਾ ਪਹਿਰਾਵਾ ਠੀਕ ਹੋਣਾ ਚਾਹੀਦਾ ਹੈ । ਬੋਲਣ ਲੱਗਿਆਂ ਐਵੇਂ ਇੱਧਰ ਉੱਧਰ ਨਾ ਦੇਖੀ ਜਾਏ ਤੇ ਨਾਹੀ ਹੋਲੀ ਤੇ ਘੱਗੀ ਅਵਾਜ਼ ਵਿੱਚ ਬੋਲੇ । ਸਪੀਕਰ ਨੂੰ ਚਾਹੀਦਾ ਹੈ ਕਿ ਸ੍ਰੋਤਿਆਂ ਵੱਲ ਦੇਖ ਕੇ ਉੱਚੀ ਤੇ ਰੋਬਦਾਰ ਅਵਾਜ਼ ਵਿੱਚ ਬੋਲੇ ।

ਅਧਿਆਪਕ ਦਾ ਦਰਜਾ ਇਕ ਮਾਂ ਵਾਂਗ ਹੁੰਦਾ ਹੈ ਜਿਵੇਂ ਇਕ ਮਾਂ ਆਪਣੇ ਬੱਚੇ ਦਾ ਹਮੇਲਾਂ ਭਲਾ ਹੀ ਚਾਹੁੰਦੀ ਹੈ ਤੇ ਉਸੇ ਤਰਾਂ ਅਧਿਆਪਕ ਵੀ ਇਕ ਮਾਂ ਵਾਂਗ ਹੀ ਇਹੀ ਚਾਹੁੰਦਾ ਹੈ ਕਿ ਉਸਦਾ ਵਿਦਿਆਰਥੀ ਵੀ ਸਹੀ ਗਿਆਨ ਹਾਸਿਲ ਕਰਕੇ ਇਕ ਸਫ਼ਲ ਇਨਸਾਨ ਬਣੇ ।

# ਦਰਦਾਂ ਦਾ ਹਮਸਫ਼ਰਃ ਖ਼ੁਸ਼ਵੰਤ ਕੰਵਲ

ਪੰਜਾਬੀ ਗ਼ਜ਼ਲ ਜਗਤ ਵਿੱਚ ਖ਼ੁਸ਼ਵੰਤ ਕੰਵਲ ਦਾ ਪ੍ਰਮੁੱਖ ਸਥਾਨ ਹੈ। ਉਸ ਦੀ ਪੱਕੀ ਪੀਡੀ ਪੈਂਠ ਵਾਲੀ ਗ਼ਜ਼ਲ ਨੂੰ ਉਸਤਾਦ ਸ਼ਾਇਰ ਪ੍ਰਿੰਸੀਪਲ ਤਖ਼ਤ ਸਿੰਘ ਵੀ ਮੰਨਦੇ ਸਨ।
ਖ਼ੁਸ਼ਵੰਤ ਕੰਵਲ ਉਮਰ ਦਾ ਵੱਡਾ ਹਿੱਸਾ ਅੰਮ੍ਰਿਤਸਰ ਵਿੱਚ ਰਿਹਾ। ਉਹ ਪੋਸਟਲ ਵਿਭਾਗ ਦੇ “ਡੈੱਡ ਲੈਟਰ ਪੋਸਟ ਆਫਿਸ” ਵਿੱਚ ਲੰਮਾ ਸਮਾਂ ਰਿਹਾ। ਜਿਹੜੀਆਂ ਚਿੱਠੀਆਂ ਦੇ ਸਿਰਨਾਵੇਂ ਅਧੂਰੇ ਜਾਂ ਗਲਤ ਹੁੰਦੇ ਸਨ ਉਨ੍ਹਾਂ ਨੂੰ ਸਹੀ ਟਿਕਾਣੇ ਤੇ ਜਾਂ ਲਿਖਣ ਵਾਲੇ ਨੂੰ ਇਹ ਚਿੱਠੀਆਂ ਤੇ ਖ਼ਤ ਪਹੁੰਚਾਉਣ ਦੀ ਇਸ ਡਾਕਖ਼ਾਨੇ ਦੀ ਜ਼ਿੰਮੇਵਾਰੀ ਹੁੰਦੀ ਸੀ। ਕਈ ਸਾਲ ਪਹਿਲਾਂ ਮੈਨੂੰ ਲਿਖੀਆਂ ਚਿੱਠੀਆਂ ਵੀ ਦੋ ਤਿੰਨ ਵਾਰ ਇਸੇ ਦਫ਼ਤਰ ਵੱਲੋਂ ਹੀ ਪ੍ਰਾਪਤ ਹੋਈਆਂ।
ਖ਼ੁਸ਼ਵੰਤ ਕੰਵਲ ਮੇਰੀ ਪਸੰਦ ਦੇ ਸ਼ਾਇਰਾਂ ਵਿੱਚੋਂ ਇੱਕ ਸੀ। ਸੇਵਾਮੁਕਤੀ ਮਗਰੋਂ ਉਹ ਕੁਝ ਸਮਾਂ ਲੁਧਿਆਣੇ ਵੀ ਰਿਹਾ। ਅਕਸਰ ਮੁਲਾਕਾਤਾਂ ਹੁੰਦੀਆਂ ਰਹੀਆਂ। ਉਸ ਦੇ ਉਹ ਉਦਾਸ ਦਿਨ ਸਨ। ਥੋੜੇ ਜਹੇ ਉਤਸ਼ਾਹ ਨਾਲ ਹੀ ਉਹ ਥਾਂ ਸਿਰ ਹੋ ਗਿਆ ਪਰ ਜਲਦੀ ਵਿਛੋੜਾ ਦੇ ਗਿਆ।
ਪ੍ਰਬੁੱਧ ਸ਼ਾਇਰ ਸੁਲੱਖਣ ਸਿੰਘ ਸਰਹੱਦੀ ਨੇ ਖ਼ੁਸ਼ਵੰਤ ਕੰਵਲ ਦੀਆਂ ਚੋਣਵੀਆਂ ਗ਼ਜ਼ਲਾਂ “ਕਹਿ ਰਿਹਾ ਹਾਂ ਗ਼ਜ਼ਲ ਮੈਂ” ਨਾਮ ਹੇਠ ਉਨ੍ਹਾਂ ਦੇ ਜੀਵਨ ਕਾਲ ਵਿੱਚ ਸੰਪਾਦਿਤ ਕੀਤੀ ਜਿਸ ਨੂੰ ਯੂਨੀਸਟਾਰ ਨੇ 2010 ਵਿੱਚ ਸੰਪਾਦਿਤ ਕਰਕੇ ਛਪਵਾਈ। ਇਸ ਦੇ ਪ੍ਰਕਾਸ਼ਨ ਲਈ ਅੰਮ੍ਰਿਤਸਰ ਦੇ ਕਲਾ ਪ੍ਰਸਤ ਸਾਬਕਾ ਡਿਪਟੀ ਕਮਿਸ਼ਨਰ ਸ. ਕਾਹਨ ਸਿੰਘ ਪੰਨੂੰ ਦੀ ਪ੍ਰੇਰਨਾ ਨਾਲ ਵਿਰਸਾ ਵਿਹਾਰ ਸੋਸਾਇਟੀ ਅੰਮ੍ਰਿਤਸਰ ਨੇ ਆਰਥਿਕ ਸਹਾਇਤਾ ਦਿੱਤੀ।
ਖ਼ੁਸ਼ਵੰਤ ਕੰਵਲ ਦਾ ਜਨਮ 28 ਅਪ੍ਰੈਲ 1939 ਵਿਚ ਸ: ਅਜੀਤ ਸਿੰਘ ਦੇ ਗ੍ਰਹਿ ਵਿਖੇ ਨਾਨਕੇ ਪਿੰਡ ਚੱਕ ਬਿਲਗਾ (ਨਵਾਂ ਸ਼ਹਿਰ) ਵਿਖੇ ਹੋਇਆ। ਉਸਦਾ ਅਸਲੀ ਪਿੰਡ ਬਿਲਗਾ (ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ) ਸੀ।
ਉਸ ਦਾ ਪਰਿਵਾਰ ਦੇਸ਼-ਵੰਡ ਤੋਂ ਚਾਰ ਕੁ ਸਾਲ ਪਹਿਲਾਂ ਹੀ ਦੁਆਬਾ ਛੱਡ ਕੇ ਅੰਮ੍ਰਿਤਸਰ ਆ ਵੱਸਿਆ ਸੀ। ਉਹ ਇਥੇ ਹੀ ਪੜ੍ਹ ਪ੍ਰਵਾਨ ਚੜ੍ਹ ਏਥੇ ਹੀ ਸਾਰੀ ਸਰਵਿਸ ਕਰ 1997 ਵਿਚ ਰਿਟਾਇਰ ਹੋ ਗਿਆ।
18 ਜੂਨ 2015 ਨੂੰ ਉਹ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ।
ਖ਼ੁਸ਼ਵੰਤ ਪੰਜਾਬੀ ਜ਼ੁਬਾਨ ਦਾ ਸ਼ਾਇਰ ਤੇ ਸਾਊ ਆਦਮੀ ਸੀ। ਜੁਗਾੜਾਂ ਦੀ ਦੁਨੀਆਂ ਤੋਂ ਕੋਹਾਂ ਦੂਰ, ਅਮਰ ਚਿਤਰਕਾਰ ਵਾਂਗ। ਮਸਤ ਮੌਲਾ , ਆਪਣੀ ਧੁਨ ਵਿੱਚ ਮਘਨ , ਗਹਿਰ ਗੰਭੀਰ ਸ਼ਬਦ ਦਾ ਸਾਧਕ।
ਚਾਟੀਵਿੰਡ ਗੇਟ ਦੇ ਗੁਰੂ ਰਾਮਦਾਸ ਸਕੂਲ ਤੋਂ ਉਸ ਦਸਵੀਂ ਪਾਸ ਕੀਤੀ। ਆਪ ਦੇ ਪਿਤਾ ਜੀ ਦੀ ਗੁਰੂ ਰਾਮਦਾਸ ਸਰਾਂ ਦੇ ਨੇੜੇ ਦੁਕਾਨ ਸੀ। ਇੱਕ ਵਾਰ ਸਰਾਂ ਵਿਚਲੀ ਗੁਰੂ ਰਾਮਦਾਸ ਲਾਇਬਰੇਰੀ ਵਿੱਚ ਉਹ ਗਿਆ ਤੇ ਫਿਰ ਉਹ ਉਸੇ ਲਾਇਬਰੇਰੀ ਦਾ ਹੀ ਹੋ ਕੇ ਰਹਿ ਗਿਆ। ਸ਼ਬਦ ਸੱਭਿਆਚਾਰ ਨਾਲ ਪਿਆਰ ਪੈ ਗਿਆ।
1959 ਵਿੱਚ ਉਹ ਡਾਕ ਮਹਿਕਮੇ ਵਿੱਚ ਨੌਕਰ ਹੋ ਗਿਆ।
ਉਸ ਦੀ ਸਮੁੱਚੀ ਸ਼ਾਇਰੀ ਵਿਚ ਦੁਆਬੀ ਸ਼ਬਦਾਵਲੀ ਦੇ ਆਮ ਦਰਸ਼ਨ ਹੁੰਦੇ ਹਨ। ਉਹ ਮਹਿਫਿਲਾਂ ਵਿਚ ਤਰੱਨਮ ਨਾਲ ਗਾ ਕੇ ਵੀ ਪੇਸ਼ ਕਰਦਾ ਸੀ।
ਖ਼ੁਸ਼ਵੰਤ ਕੰਵਲ ਦੀਆਂ 9 ਕਵਿਤਾ ਅਤੇ ਗ਼ਜ਼ਲ ਦੀਆਂ ਕਿਤਾਬਾਂ ਛਪੀਆਂ ‘ਸੋਚਾਂ ਅਤੇ ਸੁਪਨੇ’ ਉਸਦੀ ਪਹਿਲੀ ਕਾਵਿ ਪੁਸਤਕ ਸੀ ਜੋ 1964 ਵਿਚ ਛਪੀ, ‘ਕਾਮਨਾ’ ਕਾਵਿ-ਸੰਗ੍ਰਹਿ 1966, ‘ਆਪਣਾ ਸ਼ਹਿਰ ਪਰਾਈਆਂ ਰੁੱਤਾਂ’ 1974, ‘ਟੁਕੜੇ ਟੁਕੜੇ ਮੌਸਮ’ 1989, ‘ਅਲਵਿਦਾ ਤੋਂ ਪਹਿਲਾਂ’ 1996 ਵਿਚ ਛਪੀ।
1981 ਵਿਚ ਉਸਦਾ ਪਹਿਲਾ ਗ਼ਜ਼ਲ ਸੰਗ੍ਰਹਿ ‘ਧੁੱਪ ਦੀ ਕਾਤਰ’ ਆਇਆ। 1999 ਵਿਚ ‘ਮੈਂ ਤੇ ਮੇਰੇ ਹਾਦਸੇ’, 2002 ਵਿੱਚ’ਨਕਸ਼ ਪੌਣਾਂ ਸੰਭਾਲੇ’ ਅਤੇ 2006 ਵਿੱਚ ‘ਕਿਉਂ ਨਾ ਉਦਾਸ ਹੋਵਾਂ’ ਛਪਿਆ।
ਮੈਨੂੰ ਮਾਣ ਹੈ ਕਿ ਮੈਂ ਖ਼ੁਸ਼ਵੰਤ ਕੰਵਲ ਦਾ ਪਿਆਰ ਪਾਤਰ ਰਿਹਾ ਹਾਂ
ਉਸ ਦੀਆਂ ਚਾਰ ਗ਼ਜ਼ਲਾਂ ਨਾਲ
ਤੁਸੀਂ ਵੀ ਸਾਂਝ ਪਾਉ।



1. ਜ਼ਹਿਰੀਲੀਆਂ ਪੌਣਾਂ ਨੇ

ਜ਼ਹਿਰੀਲੀਆਂ ਪੌਣਾਂ ਨੇ ਪ੍ਰਦੂਸ਼ਤ ‘ਗੰਗਾ’ ਹੈ।
ਬੇ-ਰੰਗ ਨੇ ਸਭ ਚਿਹਰੇ ਝੰਡਾ ਹੀ ਤਿਰੰਗਾ ਹੈ।
ਦਿੱਲੀ ਦੀ ਗੱਲ ਛੱਡੋ ਹੁਣ ਨਗਰ ਗਰਾਂ ਸਾਰੇ,
ਹਰ ਗਲੀ ਮਹੱਲੇ ਵਿਚ ਹਰ ਸ਼ਹਿਰ ‘ਉਰੰਗਾ’ ਹੈ।
ਇਨਸਾਫ ਫਿਰੇ ਲੁਕਿਆ ਝੁਕਿਆ ਹੈ ਤਰਾਜ਼ੂ ਵੀ,
ਤਕ ਸ਼ਮ੍ਹਾਂ ਸਾਹਮਣੇ ਵੀ ਲੁੱਕ ਰਿਹਾ ਪਤੰਗਾ ਹੈ।
ਹਰ ਕੰਮ ਕੁਚੱਜਾ ਹੈ ਹਰ ਪਹੁੰਚ ਅਪਾਹਜ ਹੈ,
ਕੁਝ ਵੀ ਸੰਗ ਨਹੀਂ ਸਭ ਬੇ-ਪ੍ਰਸੰਗਾ ਹੈ।
ਵੰਡੀਆਂ ਨੇ ਤਰੇੜਾਂ ਨੇ ਵਾਧੂ ਦੀਆਂ ਛੇੜਾਂ ਨੇ,
ਹੋਇਆ ਹਰ ਹੋਣੀ ਦਾ ਮਨਹੂਸ ਮੁੜੰਗਾ ਹੈ।
ਮਨ ਸਾਫ ਬੜਾ ਉਸ ਦਾ ਕਹਿੰਦੇ ਨੇ ‘ਕੰਵਲ’ ਜਿਸ ਨੂੰ,
ਅਰਥਾਂ ਦਾ ਸ਼ੀਰੀਂ ਪਰ ਬੋਲਾਂ ਦਾ ਕੁੜੰਗਾ ਹੈ।

2. ਮੌਸਮ ਨਹੀਂ

ਕੁੱਝ ਕਿਸੇ ਨੂੰ ਕੁਝ ਕਹਿਣ ਦਾ ਮੌਸਮ ਨਹੀਂ।
ਸੁਣ ਲਿਆ ਤਾਂ ਸਹਿਣ ਦਾ ਆਲਮ ਨਹੀਂ।
ਝੂਠ ਮਿਲਦਾ ਹਰ ਜਗ੍ਹਾ ਹੀ ਸਾਬਤਾ,
ਸੱਚ ਮਿਲਦਾ ਪਰ ਕਿਤੇ ਸਾਲਮ ਨਹੀਂ।
ਹਰ ਲਿਖੇ ਪੱਤਰ ਦਾ ਉੱਤਰ ਵੀ ਮਿਲੇ,
ਇਹ ਤਾਂ ਸੰਭਵ ਹੀ ਨਹੀਂ ਲਾਜ਼ਮ ਨਹੀਂ।
ਦਿਲ ਹੀ ਕੀ ਜੇ ਦੁਖ ‘ਚ ਵੀ ਨਾ ਪੰਘਰਿਆ,
ਅੱਖ ਕੀ ਅੱਖ ਹੋਈ ਨਮ ਨਹੀਂ।
ਗੀਤ ਕੀ ਜੇ ਗੀਤ ਵਿਚ ਨਾ ਦਰਦ ਹੈ,
ਸੁਰ ਹੀ ਕੀ ਜੇ ਸੁਰ ‘ਚ ਹੈ ਸਰਗਮ ਨਹੀਂ।
ਤਨ ਮੇਰੇ ਦੇ ਤਾਂ ਵਪਾਰੀ ਨੇ ਬੜੇ,
ਪਰ ਮੇਰੇ ਮਨ ਦਾ ਕਿਤੇ ਮਹਿਰਮ ਨਹੀਂ।
ਸਹਿਜ ਪੱਕੇ ਮਿਲਦੀਆਂ ਨੇ ਐ ‘ਕੰਵਲ’,
ਮਿਲਦੀਆਂ ਮਸ਼ਹੂਰੀਆਂ ਇਕ ਦਮ ਨਹੀਂ।




3. ਜਾਣਾ ਕਿੱਥੇ ਹੈ

ਜਾਣਾ ਕਿੱਥੇ ਹੈ ਏਥੇ ਹੀ ਰਹਿਣਾ ਹੈ।
ਭਾਵੇਂ ਕਿ ਇਹ ਰੂਪ ਬਦਲਣਾ ਪੈਣਾ ਹੈ।
ਉੜ ਕੇ ਪਾਣੀ ਬਣੇ ਹਵਾੜ, ਬਣੇ ਬੱਦਲ,
ਬੱਦਲ ਨੇ ਫਿਰ ਵਰਖਾ ਹੋ ਕੇ ਵਹਿਣਾ ਹੈ।
ਉੜ ਕੇ ਮਿੱਟੀ ਘੱਟੇ ਝੱਖੜ ਹੋ ਜਾਣਾ,
ਝੱਖੜ ਨੇ ਫਿਰ ਏਥੇ ਉੱਤਰ ਪੈਣਾ ਹੈ।
ਇਹ ਚੱਕਰ ਹੈ ਸਾਰਾ ਛੂਟ੍ਹ-ਛੁਹਾਈ ਦਾ,
ਚੱਕਰ ਇਹੋ ਸਦੀਵੀ ਚੱਲਦੇ ਰਹਿਣਾ ਹੈ ।
ਦਿਨ ਢਲਣਾ ਫਿਰ ਰਾਤ ਪਊ ਫਿਰ ਚੜ੍ਹੂ ਸਵੇਰ,
ਫਿਰ ਏਥੇ ਚਾਨਣ ਦਾ ਘੇਰਾ ਰਹਿਣਾ ਹੈ।
ਜਿਸ ਮਿੱਟੀ ‘ਚੋਂ ਤਨ ਸਾਡੇ ਨੇ ਨਕਸ਼ ਲਏ,
ਉਹ ਕਿੰਝ ਮਿੱਟੀ ਉਹ ਮਿੱਟੀ ਤਾਂ ਗਹਿਣਾ ਹੈ।
ਆਉਣਾ ਜਾਣਾ ਤਾਂ ਨਿਰੀਆਂ ਅਫ਼ਵਾਹਾਂ ਨੇ,
ਮੇਰੇ ਤਨ ਦੀ ਮਿੱਟੀ ਦਾ ਇਹ ਕਹਿਣਾ ਹੈ।
ਇਹ ਧਰਤੀ ਹੀ ਮਾਂ ਹੈ ਸਾਡੀ, ਮਾਂ ਅਸਲੀ,
ਸਦਾ ਸਦਾ ਇਸ ਦੀ ਗੋਦੀ ਵਿਚ ਬਹਿਣਾ ਹੈ।

ਏਸੇ ਦਾ ਹੀ ਖਾਧਾ ਪੀਤਾ ਹੈ ਆਪਾਂ,
ਇਸ ਦੀ ਪੌਣ ‘ਚ ਹੀ ਆਪਾਂ ਸਾਹ ਲੈਣਾ ਹੈ।

ਹੋਰ ਦੁਆਰਾ ਕਿਹੜਾ ਹੈ ਸਾਡਾ ਯਾਰੋ,
ਜਿੱਥੇ ਆਪਾਂ ਜਾ ਆਖਰ ਨੂੰ ਢਹਿਣਾ ਹੈ।

ਜੋ ਕੁਝ ਵੀ ਚਾਹੀਦਾ ਮਿਲਣਾ ਹੈ ਏਥੋਂ,
ਏਸੇ ਤੋਂ ਹੀ ਆਪਾਂ ਸਭ ਕੁਝ ਲੈਣਾ ਹੈ।

4. ਸੂਈ ਦੇ ਡਿੱਗਣ ਜਿੰਨੇ

ਸੂਈ ਦੇ ਡਿਗਣ ਜਿੰਨੇ ਹੋਏ ਖੜਾਕ ਨਾਲ।
ਹੈ ਅੱਖ ਖੁੱਲ੍ਹ ਜਾਂਦੀ ਮੇਰੀ ਤੜਾਕ ਨਾਲ।
ਦੁਸ਼ਮਣ ਚਲਾਕ ਸੰਗ ਤਾਂ ਨਿਭਣਾ ਮੈਂ ਜਾਣਦਾਂ,
ਮੁਸ਼ਕਿਲ ਬੜਾ ਹੈ ਨਿਭਣਾ ਮਿਤਰ ਚਲਾਕ ਨਾਲ।
ਦੁਸ਼ਮਣ ਤਾਂ ਹੈ ਸੀ ਦੁਸ਼ਮਣ ਦੁਸ਼ਮਣ ਦੇ ਵਾਂਗ ਮਿਲਿਆ,
ਮਿੱਤਰ ਨਾ ਹੋ ਕੇ ਮਿੱਤਰ ਮਿਲਿਆ ਤਪਾਕ ਨਾਲ।
ਐਵੇਂ ਹੀ ਉਹ ਤਾਂ ਗੱਲ ਦਾ ਗੁੱਸਾ ਹੈ ਕਰ ਗਿਆ,
ਮੈਂ ਤਾਂ ਸੀ ਗੱਲ ਕੀਤੀ ਐਵੇਂ ਮਜ਼ਾਕ ਨਾਲ।
ਹੁੰਦੀਆਂ ਨੇ ਬਹੁਤ ਵਸਤਾਂ ਤਨ ਦੀ ਖੁਸ਼ੀ ਲਈ,
ਬੰਦਾ ਅਸਲ ‘ਚ ਜਿਉਂਦਾ ਰੂਹ ਦੀ ਖੁਰਾਕ ਨਾਲ ।
ਸੂਰਤ ਨਹੀਂ ਸਗੋਂ ਹੈ ਸੀਰਤ ਸਮੁੱਚਤਾ,
ਹਸਤੀ ਦਾ ਕੀ ਹੈ ਰਿਸ਼ਤਾ ਯਾਰੋ ਪੁਸ਼ਾਕ ਨਾਲ।
ਉਹ ਵੀ ਤਾਂ ਖ਼ਾਕ ਹੋ ਕੇ ਮਿੱਟੀ ‘ਚ ਮਿਲ ਗਿਆ,
ਮੈਨੂੰ ਜਿਹਨੇ ਮਿਲਾਇਆ ਇਕ ਦਿਨ ਸੀ ਖ਼ਾਕ ਨਾਲ ।
ਮੰਝਧਾਰ ਲੰਘ ਆਇਆ ਆ ਡੁੱਬਿਆ ਕਿਨਾਰੇ,
ਅਕਸਰ ਰਹੀ ਹੈ ਹੁੰਦੀ ਇਹੋ ਤੈਰਾਕ ਨਾਲ ।
ਚਿਰ ਤੋਂ ਉਡੀਕਦਾ ਸੀ ਜਿਸ ਨੂੰ ਮੈਂ ਹੋ ਵਿਆਕੁਲ,
ਆਇਆ ਤਾਂ ਤੁਰ ਗਿਆ ਉਹ ਕਿਸੇ ਹੋਰ ਗਾਹਕ ਨਾਲ।